ਐਲ ਕੇਪਿਟਾਨ ਮਿਡਲ ਸਕੂਲ

# ਅੰਗਰੇਜ਼ੀ ਸਿਖਿਆਰਥੀ ਸਲਾਹਕਾਰ ਕਮੇਟੀ
# ਪਹਿਲੀ ਤਿਮਾਹੀ ਦੇ ਮਿੰਟ

ਬੁੱਧਵਾਰ 10 ਸਤੰਬਰ, 2025
ਮੀਟਿੰਗ ਦੀ ਮਿਤੀ

**ELAC ਮੈਂਬਰਾਂ ਦੀ ਕੁੱਲ ਸੰਖਿਆ:**

3______ ਅੰਗਰੇਜ਼ੀ ਸਿੱਖਣ ਵਾਲਿਆਂ ਦੇ ELAC ਮਾਪੇ/ਸਰਪ੍ਰਸਤ

______ ਹੋਰ ਵਿਦਿਆਰਥੀਆਂ ਦੇ ਮਾਪੇ/ਸਰਪ੍ਰਸਤ ਜੋ ELAC ਕਮੇਟੀ ਦੇ ਮੈਂਬਰ ਵੀ ਹਨ

3______ ਸਕੂਲ ਦਾ ਸਟਾਫ

ਇਸ ਮੀਟਿੰਗ ਲਈ **ELAC** ਹਾਜ਼ਰੀ ਵਿੱਚ ਸ਼ਾਮਲ ਹਨ:

3______ ELAC ਅੰਗਰੇਜ਼ੀ ਸਿੱਖਣ ਵਾਲਿਆਂ ਦੇ ਮਾਪੇ/ਸਰਪ੍ਰਸਤ

______ ਹੋਰ ਵਿਦਿਆਰਥੀਆਂ ਦੇ ਮਾਪੇ/ਸਰਪ੍ਰਸਤ ਜੋ ELAC ਕਮੇਟੀ ਦੇ ਮੈਂਬਰ ਵੀ ਹਨ

3______ ਸਕੂਲ ਦਾ ਸਟਾਫ

ਕਾਰੋਬਾਰ ਚਲਾਉਣ ਲਈ ਮੈਂਬਰਾਂ ਦਾ ਕੋਰਮ ਮੌਜੂਦ ਹੋਣਾ ਲਾਜ਼ਮੀ ਹੈ। ਹਾਜ਼ਰੀ ਵਿੱਚ ਕਮੇਟੀ ਮੈਂਬਰਾਂ ਦੀ ਗਿਣਤੀ _6_ ਹੈ।

- ☑ ਕੋਰਮ ਸਥਾਪਿਤ ਕੀਤਾ ਗਿਆ
- ਕੋਰਮ ਸਥਾਪਿਤ ਨਹੀਂ ਕੀਤਾ ਗਿਆ

| ਹੱਲ ਕੀਤਾ ਗਿਆ ਵਿਸ਼ਾ ✓ (ਪੂਰਾ) | ਕਾਨੂੰਨੀ ਲੋੜ/ਸਿਖਲਾਈ ਵਿਸ਼ੇ (ਸਾਲ ਦੇ ਅੰਤ ਤੱਕ, ਸਾਰੇ ਵਿਸ਼ਿਆਂ ਨੂੰ ਹੱਲ ਕੀਤਾ ਜਾਣਾ ਚਾਹੀਦਾ ਹੈ) |
|---|---|
| ☐ | ਅੰਗਰੇਜ਼ੀ ਸਿਖਿਆਰਥੀਆਂ ਲਈ ਇੱਕ ਸਾਈਟ ਪਲਾਨ ਦੇ ਵਿਕਾਸ ਵਿੱਚ ਪ੍ਰਿੰਸੀਪਲ ਅਤੇ ਸਟਾਫ ਨੂੰ ਸਲਾਹ ਦੇਣਾ ਅਤੇ ਵਿਦਿਆਰਥੀ ਪ੍ਰਾਪਤੀ ਲਈ ਸਕੂਲ ਯੋਜਨਾ ਵਿੱਚ ਸ਼ਾਮਲ ਕਰਨ ਲਈ ਵਿਚਾਰ ਲਈ ਯੋਜਨਾ ਨੂੰ ਸਕੂਲ ਸਾਈਟ ਕੌਂਸਲ ਨੂੰ ਜਮ੍ਹਾਂ ਕਰਨਾ। |
| ☐ | ਸਕੂਲ-ਵਿਆਪੀ ਲੋੜਾਂ ਦੇ ਮੁਲਾਂਕਣ ਦੇ ਵਿਕਾਸ ਵਿੱਚ ਸਹਾਇਤਾ ਕਰਨਾ। |
| ☐ | ਮਾਪਿਆਂ ਨੂੰ ਨਿਯਮਤ ਸਕੂਲ ਹਾਜ਼ਰੀ ਦੀ ਮਹੱਤਤਾ ਬਾਰੇ ਦੱਸਣ ਦੇ ਤਰੀਕੇ। |
| ☑ | ਹਰੇਕ ਅੰਗਰੇਜ਼ੀ ਸਿਖਿਆਰਥੀ ਸਲਾਹਕਾਰ ਕਮੇਟੀ (ELAC) ਕੋਲ ਡਿਸਟ੍ਰਿਕਟ ਅੰਗਰੇਜ਼ੀ ਸਿਖਿਆਰਥੀ ਸਲਾਹਕਾਰ ਕਮੇਟੀ (DELAC) ਲਈ ਘੱਟੋ-ਘੱਟ ਇੱਕ ਮੈਂਬਰ ਚੁਣਨ ਦਾ ਮੌਕਾ ਹੋਵੇਗਾ। |
| ☑ | ਪ੍ਰਿੰਸੀਪਲ ਅਤੇ ਸਟਾਫ ਨੂੰ ਅੰਗਰੇਜ਼ੀ ਭਾਸ਼ਾ ਸਿੱਖਣ ਵਾਲੇ ਮਾਸਟਰ ਪਲਾਨ, ਪੁਨਰ ਵਰਗੀਕਰਨ ਮਾਪਦੰਡ, ਸਾਈਟ 'ਤੇ ELAC ਪ੍ਰੋਗਰਾਮ ਉਪ-ਨਿਯਮਾਂ, ਮਾਪਿਆਂ ਦੀ ਸ਼ਮੂਲੀਅਤ ਨੀਤੀ, ਸਕੂਲ ਅਤੇ ਘਰ ਵਿਚਕਾਰ ਇਕਰਾਰਨਾਮਾ, ਵਿਦਿਆਰਥੀ ਪ੍ਰਾਪਤੀ ਲਈ ਸਕੂਲ ਯੋਜਨਾ, ਅਤੇ ਸਥਾਨਕ ਜਵਾਬਦੇਹੀ ਯੋਜਨਾ ਬਾਰੇ ਸਲਾਹ ਦੇਣਾ। |
| ☑ | ELAC ਦੀ ਸਿਖਲਾਈ ਅਤੇ ਸਿਖਲਾਈ ਸਮੱਗਰੀ, ਜੋ ਕਿ ਕਮੇਟੀ ਮੈਂਬਰਾਂ ਨਾਲ ਪੂਰੀ ਸਲਾਹ-ਮਸ਼ਵਰੇ ਨਾਲ ਯੋਜਨਾਬੱਧ ਕੀਤੀ ਗਈ ਹੈ, ਮੈਂਬਰਾਂ ਨੂੰ ਉਨ੍ਹਾਂ ਦੀਆਂ ਕਾਨੂੰਨੀ ਸਲਾਹਕਾਰੀ ਜ਼ਿੰਮੇਵਾਰੀਆਂ ਨਿਭਾਉਣ ਵਿੱਚ ਸਹਾਇਤਾ ਕਰਨ ਲਈ ਢੁਕਵੀਂ ਹੈ। |
| ☑ | ਵਿਲੀਅਮ ਦੀਆਂ ਲੋੜਾਂ ਸਮੇਤ, ਰੌਬਰਟਸ ਰੂਲਜ਼, ਬ੍ਰਾਊਨ ਅਤੇ ਗ੍ਰੀਨ ਐਕਟ, ਅਤੇ ਡਿਸਟ੍ਰਿਕਟ ਦੀਆਂ ਯੂਨੀਫਾਰਮ ਸ਼ਿਕਾਇਤ ਪ੍ਰਕਿਰਿਆਵਾਂ ਬਾਰੇ ਸਿਖਲਾਈ ਪ੍ਰਦਾਨ ਕਰਨਾ। |
| ☐ | EL ਮੁਲਾਂਕਣ ਡੇਟਾ 'ਤੇ ਪ੍ਰਿੰਸੀਪਲਾਂ ਅਤੇ ਸਟਾਫ ਨੂੰ ਸਲਾਹ ਦੇਣਾ |

ਇਹ ਪਹਿਲਾ ਪੰਨਾ ਮਿੰਟਾਂ ਲਈ ਕਵਰ ਪੇਜ ਹੈ। ਨੋਟ: ਸਾਰੀਆਂ ਵੰਡੀਆਂ ਗਈਆਂ ਸਮੱਗਰੀਆਂ ਦੀਆਂ ਕਾਪੀਆਂ ਸਕੱਤਰ ਦੇ ਅਧਿਕਾਰਤ ਮਿੰਟਾਂ ਨਾਲ ਨੱਥੀ ਕੀਤੀਆਂ ਜਾਣੀਆਂ ਚਾਹੀਦੀਆਂ ਹਨ। ਇਹਨਾਂ ਮਿੰਟਾਂ ਨੂੰ ਤਿੰਨ **(3)** ਸਾਲਾਂ ਲਈ ਸੰਭਾਲਿਆ ਜਾਣਾ ਚਾਹੀਦਾ ਹੈ।)

# ਅੰਗਰੇਜ਼ੀ ਸਿਖਿਆਰਥੀ ਸਲਾਹਕਾਰ ਕਮੇਟੀ
## ਪਹਿਲੀ ਤਿਮਾਹੀ ਦੇ ਮਿੰਟ

ਬੁੱਧਵਾਰ 10 ਸਤੰਬਰ, 2025
ਮੀਟਿੰਗ ਦੀ ਮਿਤੀ

1. **ਮੀਟਿੰਗ ਨੂੰ ਸ਼ੁਰੂ ਕਰਨ ਲਈ ਕਹਿਣਾ:**

ਇਹ ਮੀਟਿੰਗ ਮੈਰੀ ਵੈਂਗ ਦੁਆਰਾ ਸ਼ਾਮ 5:04 ਵਜੇ ਬੁਲਾਈ ਗਈ ਸੀ।

2. ਹਾਜ਼ਰੀ **-** ਕੋਰਮ ਸਥਾਪਤ ਕਰਨਾ **-** ਮੌਜੂਦ **EL** ਕਮੇਟੀ ਮੈਂਬਰਾਂ ਦੀ ਸੂਚੀ

ਅੰਕਿਤਾ ਚੋਪੜਾ, ਗੈਬਰੀਏਲਾ ਸੈਕੁੰਡੀਨੋ, ਮੈਰੀ ਵੈਂਗ, ਹੀਥਰ ਮਾਰਟੀਨੇਜ਼, ਅਤੇ ਖੁਸ਼ਮੀਨ ਧੋਥਰ, ਮੋਹਨ ਬਾਂਗੜ ਮੌਜੂਦ ਹਨ। -ਕੋਰਮ ਸਥਾਪਤ ਕੀਤਾ ਗਿਆ ਹੈ।

3. ਮੀਟਿੰਗ ਦੇ ਏਜੰਡੇ ਵਿੱਚ ਬਦਲਾਅ/ਵਾਧਾ: (ਜੇਕਰ ਕੋਈ ਨਹੀਂ ਹੈ, ਤਾਂ ਕਿਰਪਾ ਕਰਕੇ ਹੇਠ ਲਿਖਿਆਂ ਨੂੰ ਦੱਸੋ: ਕੋਈ ਬਦਲਾਅ ਨਹੀਂ ਕੀਤੇ ਗਏ।)

5:06 'ਤੇ ਹੀਥਰ M ਨੇ, ਰੌਬਰਟਸ ਲਾਅ ਅਤੇ ਮੀਟਿੰਗ ਦੀ ਪ੍ਰਕਿਰਿਆ ਦੀ ਸਮੀਖਿਆ ਕੀਤੀ। -ਗੈਬਰੀਲਾ ਸੇਕੁੰਡੀਓ ਨੇ ਮੀਟਿੰਗ ਦੇ ਏਜੰਡੇ ਨੂੰ ਮਨਜ਼ੂਰੀ ਦੇਣ ਲਈ ਪ੍ਰਸਤਾਵ ਪੇਸ਼ ਕੀਤਾ ਅਤੇ ਖੁਸ਼ਮੀਨ ਧੋਥਰ ਨੇ ਏਜੰਡੇ ਨੂੰ ਮਨਜ਼ੂਰੀ ਦੇਣ ਲਈ ਇਸ ਪ੍ਰਸਤਾਵ ਦਾ ਸਮਰਥਨ ਕੀਤਾ। ਪੰਜ ਮੈਬਰਾਂ ਨੇ ਹਾਂ ਵਿੱਚ ਵੋਟ ਕੀਤੀ ਅਤੇ , 1ਮੈਬਰ ਗੈਰਹਾਜ਼ਰ ਸੀ। -ਮਨਜ਼ੂਰੀ ਦੇਣ ਦਾ ਪ੍ਰਸਤਾਵ ਪਾਸ ਹੋ ਗਿਆ ਹੈ।

4. ਸਕੱਤਰ ਦੀ ਰਿਪੋਰਟ/ਸਮੀਖਿਆ ਮਿੰਟ:

ਖੁਸ਼ਮੀਨ ਧੋਥਰ ਨੇ ਮਿੰਟਾਂ ਨੂੰ ਮਨਜ਼ੂਰੀ ਦੇਣ ਲਈ ਪ੍ਰਸਤਾਵ ਪੇਸ਼ ਕੀਤਾ ਅਤੇ ਅੰਕਿਤਾ ਚੋਪੜਾ ਨੇ ਇਸ ਪ੍ਰਸਤਾਵ ਨੂੰ ਮਨਜ਼ੂਰੀ ਦੇਣ ਲਈ ਸਮਰਥਨ ਕੀਤਾ। ਮਤੇ ਨੂੰ ਮਨਜ਼ੂਰੀ ਦੇਣ ਲਈ 5 ਵੋਟਾਂ। -ਮਤਾ ਪਾਸ ਕੀਤਾ ਗਿਆ।

**5.** ਅਧਿਕਾਰੀਆਂ, ਸਥਾਈ ਅਤੇ ਵਿਸ਼ੇਸ਼ ਕਮੇਟੀ ਦੀ ਰਿਪੋਰਟ

ਕੋਈ ਨਹੀਂ (N/A)

**6.** ਅਧੂਰਾ ਕਾਰੋਬਾਰ:

ਕੋਈ ਨਹੀਂ (N/A)

**7.** ਨਵਾਂ ਕਾਰੋਬਾਰ:

ਹੀਥਰ ਮਾਰਟੀਨੇਜ਼

- ELAC ਮੀਟਿੰਗ/ਰਾਬਰਟਸ ਦੇ ਨਿਯਮਾਂ ਅਤੇ ਭੂਮਿਕਾਵਾਂ ਦੀ ਪ੍ਰਕਿਰਿਆ ਦੀ ਸਮੀਖਿਆ ਕੀਤੀ।

- DELAC ਨੇ ਜ਼ਿੰਮੇਵਾਰੀਆਂ, DELAC ਡਿਊਟੀਆਂ ਦੀ ਲੋੜ ਦੀ ਸਮੀਖਿਆ ਕੀਤੀ।

ਚੋਣਾਂ 5:14 ਵਜੇ ਹੋਈਆਂ।

- ਅੰਕਿਤਾ ਸੀ ਨੇ ਸ੍ਰੀ ਬੰਗੜ ਨੂੰ DELAC ਪ੍ਰਤੀਨਿਧੀ ਵਜੋਂ ਨਾਮਜ਼ਦ ਕੀਤਾ।

- ਮੈਰੀ ਵੈਂਗ ਨੇ ਸ੍ਰੀ ਬੰਗੜ ਨੂੰ DELAC ਪ੍ਰਤੀਨਿਧੀ ਵਜੋਂ ਚੁਣਨ ਲਈ ਵੋਟ ਦੀ ਬੇਨਤੀ ਕੀਤੀ।

- ਹੱਕ ਵਿੱਚ 4 ਵੋਟਾਂ। ਸ੍ਰੀ ਬੰਗੜ ਨੂੰ ਚੁਣਨ ਦੇ ਪ੍ਰਸਤਾਵ ਨੂੰ ਮਨਜ਼ੂਰੀ ਦੇ ਦਿੱਤੀ ਗਈ।

ਸ੍ਰੀਮਤੀ ਗੋਮਜ਼: ਕੀ ਵੋਟ ਪਾਉਣ ਨਾਲ ਭਾਈਚਾਰੇ ਨੂੰ ਵੀ ਫਾਇਦਾ ਹੁੰਦਾ ਹੈ?

ਮਾਰਟੀਨੇਜ਼: ਨਹੀਂ, ਸਿਰਫ਼ ਕਮੇਟੀ ਇਨ੍ਹਾਂ ਅਹੁਦਿਆਂ 'ਤੇ ਵੋਟ ਦਿੰਦੀ ਹੈ।

- ਹੀਥਰ ਐਮ. ਨੇ ਸ੍ਰੀਮਤੀ ਚੋਪੜਾ ਨੂੰ ਵਾਈਸ ਚੇਅਰ ਵਜੋਂ ਨਾਮਜ਼ਦ ਕੀਤਾ।

- 5:16 ਹੱਕ ਵਿੱਚ 4 ਵੋਟਾਂ। ਪ੍ਰਸਤਾਵ ਨੂੰ ਮਨਜ਼ੂਰੀ ਦੇ ਦਿੱਤੀ ਗਈ।

- ਮੈਰੀ ਵੈਂਗ ਨੇ ਆਪਣੇ ਆਪ ਨੂੰ ਚੇਅਰ ਵਜੋਂ ਨਾਮਜ਼ਦ ਕੀਤਾ। - ਹੱਕ ਵਿੱਚ 4 ਵੋਟਾਂ। ਪ੍ਰਸਤਾਵ ਨੂੰ ਮਨਜ਼ੂਰੀ ਦੇ ਦਿੱਤੀ ਗਈ।

- ਧੋਦਰ ਨੇ ਆਪਣੇ ਆਪ ਨੂੰ ਸਕੱਤਰ ਵਜੋਂ ਨਾਮਜ਼ਦ ਕੀਤਾ। - ਹੱਕ ਵਿੱਚ 4 ਵੋਟਾਂ। ਪ੍ਰਸਤਾਵ ਨੂੰ ਮਨਜ਼ੂਰੀ ਦੇ ਦਿੱਤੀ ਗਈ।

- DELAC ਪ੍ਰਤੀਨਿਧੀ ਦੀ ਚੋਣ ਅਜੇ ਬਾਕੀ ਹੈ।

- 5:19 ਮੈਰੀ ਵੈਂਗ ਨੇ ਮੀਟਿੰਗ ਦੀ ਮਿਤੀ ਅਤੇ ਸਮੇਂ ਨੂੰ ਮਨਜ਼ੂਰੀ ਦੇਣ ਲਈ ਪ੍ਰਸਤਾਵ ਰੱਖਿਆ।

- ਅੰਕਿਤਾ ਸੀ. ਨੇ ਪ੍ਰਸਤਾਵ ਪੇਸ਼ ਕੀਤਾ, ਜਿਸ ਦਾ ਸਮਰਥਨ ਧੋਦਰ ਨੇ ਕੀਤਾ।-ਸ਼ਾਮ 5:20 ਵਜੇ ਪ੍ਰਸਤਾਵ ਨੂੰ ਪ੍ਰਵਾਨਗੀ ਦਿੱਤੀ ਗਈ।

ਹੀਥਰ ਮਾਰਟੀਨੇਜ਼: -5:20 ਵਜੇ: ਉਪ-ਨਿਯਮ ਜਾਣਕਾਰੀ ਦੀ ਸਮੀਖਿਆ ਕੀਤੀ। -- ਉਪ-ਨਿਯਮਾਂ ਨੂੰ ਪਾਸ ਕਰਨ ਲਈ ਨਵੰਬਰ ਦੀ ਮੀਟਿੰਗ ਵਿੱਚ ਵੋਟਿੰਗ ਹੋਵੇਗੀ।

ਇਕਸਾਰ ਸ਼ਿਕਾਇਤ ਪ੍ਰਕਿਰਿਆਵਾਂ

EL ਮਾਸਟਰਪਲਾਨ ਸੰਖੇਪ ਜਾਣਕਾਰੀ

EL ਜ਼ਿਲ੍ਹਾ ਅਤੇ ਸਾਈਟ ਟੀਚੇ

ELPAC ਜਾਣਕਾਰੀ/ਪਛਾਣ ਪ੍ਰਕਿਰਿਆ

ਗੋਮਜ਼: ਜਿਹੜੇ ਸਿਧਾਂਤ ਵਰਤੇ ਜਾ ਰਹੇ ਹਨ ਉਹ ਪੁਰਾਣੇ ਮਾਸਟਰ ਪਲਾਨ ਤੋਂ ਹਨ? ਕਮਿਊਨਿਟੀ ਵਿੱਚ ਜੋ ਮੀਟਿੰਗਾਂ ਤੈਅ ਕੀਤੀਆਂ ਜਾ ਰਹੀਆਂ ਹਨ, ਕੀ ਤੁਹਾਡੇ ਕੋਲ ਉਨ੍ਹਾਂ ਲਈ ਤਾਰੀਖਾਂ ਹਨ?

ਮਾਰਟੀਨੇਜ਼: ਹਾਂ, ਇਹ ਸਹੀ ਹੈ। ਅਜੇ ਕੋਈ ਤਾਰੀਖਾਂ ਨਹੀਂ ਦਿੱਤੀਆਂ ਗਈਆਂ ਹਨ, ਪਰ ਉਹ ਸਮਾਂ-ਸਾਰਣੀ 'ਤੇ ਕੰਮ ਕਰ ਰਹੇ ਹਨ ਜੋ ਬੋਰਡ ਦੁਆਰਾ ਮਨਜ਼ੂਰ ਕੀਤੀ ਜਾਵੇਗੀ। ਪੂਰਾ ਦਸਤਾਵੇਜ਼ 50 ਪੰਨਿਆਂ ਤੋਂ ਵੱਧ ਹੈ, ਇਹ ਸਾਡੀ ਜ਼ਿਲ੍ਹਾ ਵੈੱਬਸਾਈਟ 'ਤੇ ਪੋਸਟ ਕੀਤਾ ਗਿਆ ਹੈ। ਜਦੋਂ ਸਾਨੂੰ ਨਵੀਂ ਯੋਜਨਾ ਮਿਲੇਗੀ ਤਾਂ ਇਹ ਸਾਡੇ ਏਜੰਡੇ 'ਤੇ ਵੀ ਹੋਵੇਗਾ।

ਸ੍ਰੀਮਤੀ ਗੋਮਜ਼: ਐਲੀਮੈਂਟਰੀ ਸਕੂਲਾਂ ਵਿੱਚ, ਅਧਿਆਪਕ iReady ਸਿਖਲਾਈ ਵਿੱਚੋਂ ਲੰਘ ਰਹੇ ਹਨ, ਕੀ ਇਹ ਸੈਕੰਡਰੀ ਅਧਿਆਪਕਾਂ ਲਈ ਉਪਲਬਧ ਕਰਵਾਇਆ ਗਿਆ ਹੈ? iReady ਦਾ ਇੱਕ ਹਿੱਸਾ ਹੈ ਜੋ EL ਵਿਦਿਆਰਥੀਆਂ ਲਈ ਹੈ। ਇਹ ਸਿਖਲਾਈ ਲਈ ਸੱਚਮੁੱਚ ਲਾਭਦਾਇਕ ਹੋਵੇਗਾ। ਮੈਂ ਇਸਨੂੰ ਮੈਕਕਿਨਲੇ ਮੀਟਿੰਗ ਵਿੱਚ ਦੇਖਿਆ।

ਮਾਰਟੀਨੇਜ਼: ਹਾਂ ਇਹ ਅਜਿਹੀ ਚੀਜ਼ ਹੈ ਜਿਸ 'ਤੇ ਅਸੀਂ ਵਿਚਾਰ ਕਰ ਸਕਦੇ ਹਾਂ।

**7.a** ਨਵਾਂ ਕਾਰੋਬਾਰ, ਜਾਰੀ।

ਮੈਰੀ ਵੈਂਗ: iReady ਸਾਫਟਵੇਅਰ ਸੈਕੰਡਰੀ ਸਕੂਲ ਦੀ ਪੜ੍ਹਾਈ 'ਤੇ ਜ਼ਿਆਦਾ ਕੇਂਦ੍ਰਿਤ ਹੈ। ਪਾਠ ਵੱਖਰੇ ਹਨ, ਅਤੇ ਉਹ ਹੁਣ ਵਿਸ਼ਿਆਂ 'ਤੇ ਅਧਾਰਤ ਹਨ। ਵਿਦਿਆਰਥੀ iReady ਸਾਫਟਵੇਅਰ ਬਾਰੇ ਜ਼ਿਆਦਾ ਸ਼ਿਕਾਇਤ ਨਹੀਂ ਕਰ ਰਹੇ ਹਨ।

ਮੈਰੀ ਵੈਂਗ: ELD ਕਲਾਸਾਂ ਅਤੇ ਮਿਆਰਾਂ ਵਿੱਚ ਫੋਕਸ ਦੀ ਸਮੀਖਿਆ ਕਰਦਾ ਹੈ।

ਗੋਮਜ਼: ਜੇ ਸੰਭਵ ਹੋਵੇ, ਤਾਂ ਕੀ ਡੇਟਾ ਸਾਂਝਾ ਕਰਦੇ ਸਮੇਂ ਪ੍ਰਤੀਸ਼ਤ ਦੀ ਬਜਾਏ ਸੰਖਿਆਵਾਂ ਦੀ ਵਰਤੋਂ ਕੀਤੀ ਜਾ ਸਕਦੀ ਹੈ? ਜਦੋਂ ਤੁਹਾਡੇ ਅਧਿਆਪਕ ਇਸਦੀ ਭਾਲ ਕਰ ਰਹੇ ਹਨ, ਤਾਂ ਕੀ ਉਹ ਰਣਨੀਤਕ ਤੌਰ 'ਤੇ EL ਡੇਟਾ ਨੂੰ ਦੇਖ ਰਹੇ ਹਨ ਅਤੇ ਉਹ ਕੀ ਕਰ ਸਕਦੇ ਹਨ?

ਮਾਰਟੀਨੇਜ਼: ਹਾਂ ਅਸੀਂ ਇਹ ਕਰ ਸਕਦੇ ਹਾਂ। ਅਧਿਆਪਕ ਇਹ ਕੰਮ ਆਪਣੇ PLC ਵਿੱਚ ਕਰ ਰਹੇ ਹਨ ਅਤੇ ਡੇਟਾ ਦੀ ਸਮੀਖਿਆ ਕਰ ਰਹੇ ਹਨ। ਉਹ ਖਾਸ ਕਰਕੇ ਗਣਿਤ ਵਿਭਾਗ ਵਿੱਚ ਛੋਟੇ ਸਮੂਹ ਨਿਰਦੇਸ਼ਾਂ ਨੂੰ ਵੀ ਲਾਗੂ ਕਰ ਰਹੇ ਹਨ।

ਗੋਮਜ਼: ਕੀ ਤੁਸੀਂ ਸਾਰੇ ਕਲਾਸਰੂਮ ਵਿੱਚ ਦਖਲਅੰਦਾਜ਼ੀ ਕਰਨ ਦੇ ਯੋਗ ਹੋ ਗਏ ਹੋ, ਜਿਵੇਂ ਕਿ ਛੋਟੇ ਸਮੂਹ ਨਿਰਦੇਸ਼?

ਧੋਬਰ: ਹਾਂ, ਅਸੀਂ ਕਰਦੇ ਹਾਂ। ਮੈਂ ਛੋਟੇ ਸਮੂਹਾਂ ਵਿੱਚ ਵਿਦਿਆਰਥੀਆਂ ਨਾਲ ਕੰਮ ਕਰਦੀ ਹਾਂ ਅਤੇ ਸਮੱਗਰੀ ਦੇ ਮਿਆਰਾਂ ਜਾਂ ਇੱਕ-ਨਾਲ-ਇੱਕ ਨਿਰਦੇਸ਼ਾਂ 'ਤੇ ਧਿਆਨ ਕੇਂਦਰਿਤ ਕਰਦੀ ਹਾਂ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਸਾਡੇ ਦੁਆਰਾ ਕੀਤੇ ਜਾ ਰਹੇ ਕਿਸੇ ਵੀ ਰਚਨਾਤਮਕ ਮੁਲਾਂਕਣ ਦਾ ਸਮਰਥਨ ਕੀਤਾ ਜਾਵੇ।

ਦੂਜਾ: ਇਹ ਸੱਚਮੁੱਚ ਮਹੱਤਵਪੂਰਨ ਹੈ ਕਿਉਂਕਿ ਇੱਕ ਵਿਦਿਆਰਥੀ ਸਕੂਲ ਵਿੱਚ ਬਹੁਤ ਵਧੀਆ ਪ੍ਰਦਰਸ਼ਨ ਕਰ ਰਿਹਾ ਸੀ, ਪਰ ਉਸਨੂੰ ਰੀਗ੍ਰੇਡ ਨਹੀਂ ਕੀਤਾ ਗਿਆ ਸੀ।

ਗੋਮਜ਼: ਮੈਨੂੰ ਦੋ ਸਾਲ ਪਹਿਲਾਂ ਜਦੋਂ ਮੈਂ SSC ਵਿੱਚ ਸੀ, ਉਸ ਬਾਰੇ ਸੰਖੇਪ ਵਿੱਚ ਗੱਲ ਕਰਨ ਦਿਓ। ਅਸੀਂ ਆਲੇ-ਦੁਆਲੇ ਦੇ ਕਾਲਜਾਂ ਨੂੰ ਕਾਲਜ ਰਾਤਾਂ ਦੀ ਮੇਜ਼ਬਾਨੀ ਕਰਨ ਲਈ ਸੱਦਾ ਦੇਣ ਬਾਰੇ ਚਰਚਾ ਕੀਤੀ ਹੈ ਤਾਂ ਜੋ ਅਸੀਂ ਸਿਰਫ਼ EL ਵਿਦਿਆਰਥੀਆਂ ਲਈ ਹੀ ਨਹੀਂ ਸਗੋਂ ਸਾਰੇ ਵਿਦਿਆਰਥੀਆਂ ਲਈ ਜਾਣਕਾਰੀ ਪ੍ਰਦਾਨ ਕਰ ਸਕੀਏ। HK ਅਜਿਹਾ ਕਰਦਾ ਹੈ। ਬੱਚੇ ਘੁੰਮ ਸਕਦੇ ਹਨ ਅਤੇ ਕਰੀਅਰ ਅਤੇ ਕਾਲਜਾਂ ਬਾਰੇ ਸਿੱਖ ਸਕਦੇ ਹਨ। ਇਹ ਸੋਚਣ ਵਾਲੀ ਗੱਲ ਹੈ। ਇਹ ਯਾਤਰਾਵਾਂ ਬਹੁਤ ਵਧੀਆ ਹਨ, ਪਰ ਇਹ ਸੀਮਤ ਹਨ।

ਮੈਕਕੁਰਲੀ: ਅਸੀਂ ਪਿਛਲੇ ਦੋ ਸਾਲਾਂ ਤੋਂ ਆਪਣੇ ਸਕੂਲ ਓਪਨ ਹਾਊਸ ਵਿੱਚ ਇਹ ਕੀਤਾ ਹੈ, ਜਿਸ ਵਿੱਚ ਕਰੀਨਾ ਅਤੇ ਸਾਡੇ ਅਕਾਦਮਿਕ ਸਲਾਹਕਾਰ ਸ਼ਾਮਲ ਹਨ। ਸਾਡੇ ਓਪਨ ਹਾਊਸ ਵਿੱਚ ਬੂਥ ਹਨ, ਅਤੇ ਉਹ ਆਉਂਦੇ ਹਨ ਅਤੇ ਮਾਪਿਆਂ ਨੂੰ ਜਾਣਕਾਰੀ ਪ੍ਰਦਾਨ ਕਰਦੇ ਹਨ। ਅਸੀਂ ਇਸ ਸਾਲ ਇਸਨੂੰ ਜਾਰੀ ਰੱਖਣ ਜਾ ਰਹੇ ਹਾਂ। ਕਰੀਅਰ ਟੈਕ ਉੱਥੇ ਸੀ, ਕਾਲਜ ਇੱਥੇ ਹਨ। ਇਹ ਸਭ ਕੁਝ ਹੈ ਜੋ ਕੈਂਪਸ ਵਿੱਚ ਹੋ ਰਿਹਾ ਹੈ। ਅਸੀਂ ਕੈਂਪਸ ਵਿੱਚ ਜਾਣ ਲਈ ਇੱਕ ਅਨੁਭਵ ਵੀ ਪ੍ਰਦਾਨ ਕਰਨਾ ਚਾਹੁੰਦੇ ਹਾਂ।

ਗੋਮਜ਼: ਮੈਨੂੰ ਖੁਸ਼ੀ ਹੈ, ਇਹ ਬਹੁਤ ਸਾਰਾ ਖੇਤਰ ਕਵਰ ਕਰਦਾ ਹੈ।

-PARSEC ਅਸਲ ਸਰਵੇਖਣ 5:56 ਵਜੇ ਪ੍ਰਬੰਧਿਤ

**8.** ਜਨਤਕ ਟਿੱਪਣੀ

ਕਮੇਟੀ ਦੀ ਮੈਂਬਰ ਹਾਂ, ਅਤੇ ਮੈਂ ਸਕੂਲਾਂ ਦਾ ਦੌਰਾ ਕਰ ਰਹੀ ਹਾਂ ਅਤੇ ਮਾਪਿਆਂ, ਵਿਦਿਆਰਥੀਆਂ ਅਤੇ ਭਾਈਚਾਰੇ ਦੀ ਮਦਦ ਕਰਨ ਲਈ ਜਾਣਕਾਰੀ ਇਕੱਠੀ ਕਰ ਰਹੀਂ ਹਾਂ। ਅਸੀਂ ਮਾਪਿਆਂ ਦਾ ਇੱਕ ਸਮੂਹ ਹਾਂ ਜੋ EL ਵਿਦਿਆਰਥੀਆਂ ਦੇ ਮਾਮਲੇ ਵਿੱਚ ਸਾਡੇ ਤੋਂ ਤੁਹਾਨੂੰ ਜੋ ਵੀ ਚਾਹੀਦਾ ਹੈ, ਮੰਗ ਰਹੇ ਹਾਂ। ਅਸੀਂ ਅਧਿਆਪਕਾਂ, ਪ੍ਰਸ਼ਾਸਕਾਂ ਆਦਿ ਦਾ ਸਮਰਥਨ ਕਰਨ ਵਿੱਚ ਬਹੁਤ ਦਿਲਚਸਪੀ ਰੱਖਦੇ ਹਾਂ। ਅਸੀਂ ਬਹੁਤ ਉਤਸ਼ਾਹਿਤ ਹਾਂ ਕਿਉਂਕਿ ਜ਼ਿਲ੍ਹੇ ਨੇ ਸਾਨੂੰ ਚਿੰਤਾਵਾਂ ਜਾਂ ਵਿਚਾਰਾਂ ਨੂੰ ਅੱਗੇ ਲਿਆਉਣ ਲਈ ਇੱਕ ਖੁੱਲ੍ਹੇ ਦਰਵਾਜ਼ੇ ਦੀ ਨੀਤੀ ਦਾ ਵਾਅਦਾ ਕੀਤਾ ਹੈ ਅਤੇ ਇਹ ਉਹੀ ਹੈ ਜੋ ਅਸੀਂ ਅਨੁਭਵ ਕੀਤਾ ਹੈ, ਅਤੇ ਅਸੀਂ ਇਸਦੀ ਕਦਰ ਕਰਦੇ ਹਾਂ। ਮੈਂ ਮਾਪਿਆਂ ਦਾ ਸਾਡੇ ਵਿਦਿਆਰਥੀਆਂ ਅਤੇ ਅਧਿਆਪਕਾਂ ਪ੍ਰਤੀ ਉਨ੍ਹਾਂ ਦੇ ਸਾਰੇ ਕੰਮ ਅਤੇ ਵਚਨਬੱਧਤਾਵਾਂ ਲਈ ਧੰਨਵਾਦ ਕਰਨਾ ਚਾਹੁੰਦੀ ਹਾਂ।

**9.**ਮੁਲਾਂਕਣ/ਮੁਲਤਵੀ**:**

ਮੁਲਤਵੀ: 6:09PM

ਮੁਲਾਂਕਣ ਪੂਰਾ ਕਰਨ ਲਈ QR ਕੋਡ ਨੂੰ ਸਕੈਨ ਕਰੋ

ਹੈਂਡਆਉਟਸ ਦੀ ਸੂਚੀ **(**ਜੇਕਰ ਕੋਈ ਹੈ**)**

ELAC ਉਪ-ਨਿਯਮ

ਸਤਿਕਾਰ ਸਹਿਤ ਜਮ੍ਹਾ ਕੀਤਾ ਗਿਆ**:** ਖੁਸ਼ਮੀਨ ਧੋਥਰ

ਸਿਰਲੇਖ**: ELAC ਸਕੱਤਰ**

ਸਬਮਿਸ਼ਨ/ਸੋਧ ਮਿਤੀ**:10/9/2025**

ਮਨਜਿੰਦਰ ਸੇਖੋਂ
ਅਨੁਵਾਦਕ: (ਆਪਣਾ ਨਾਮ ਲਿਖੋ)

10/16/2025
ਟ੍ਰਾਂਸਲੇਟ ਕਰਨ ਦੀ ਮਿਤੀ